ਮੈਂ ਵੇਖ ਰਿਹਾ ਹਾਂ ਕਿ ਇਨ੍ਹਾਂ ਛੇ ਮਹੀਨਿਆਂ ਵਿਚ ਆਪ ਬੜੇ-ਬੜੇ ਕਸ਼ਟਾਂ ਦੀ ਪ੍ਰਵਾਹ ਨਾ ਕਰਕੇ ਤੁਸੀਂ ਆਪਣੇ ਸੰਜਮ 'ਤੇ ਅਡਿਗ ਰਹੇ। ਇਸ ਲਈ ਪ੍ਰਭੂ ਹੁਣ ਤੁਸੀਂ ਆਪਣੀ ਸਾਧਨਾ ਕਰੋ, ਮੈਂ ਜਾ ਰਿਹਾ ਹਾਂ। ਦੂਸਰੇ ਦੇਵਤਿਆਂ ਨੂੰ ਰੋਕ ਦੇਵਾਂਗਾ। ਹੁਣ ਤੁਹਾਨੂੰ ਕੋਈ ਕਸ਼ਟ ਨਹੀਂ ਦੇਵੇਗਾ।"

ਭਗਵਾਨ ਦੀਆਂ ਅੱਖਾਂ ਸਦ-ਭਾਵਨਾ ਦੇ ਹੰਝੂਆਂ ਨਾਲ ਭਰ ਗਈਆਂ।

"ਭਗਵਾਨ ਇਹ ਕੀ ? ਕੋਈ ਕਸ਼ਟ ਹੈ ?"

"ਹਾਂ ਸੰਗਮ, ਕਸ਼ਟ ਹੈ, ਬਹੁਤ ਭਿਆਨਕ ਕਸ਼ਟ ਹੈ।"

"ਭਗਵਾਨ, ਕੀ ਕਸ਼ਟ ਹੈ, ਜ਼ਰਾ ਦਸੋ ਤਾਂ ਸਹੀ ! ਮੈਂ ਉਸ ਨੂੰ ਦੂਰ ਕਰਾਂਗਾ।"

"ਸੰਗਮ, ਕੀ ਦੂਰ ਕਰੋਗੇ ? ਇਹ ਤੇਰੇ ਵਸ ਦੀ ਗੱਲ ਨਹੀਂ।"

"ਫਿਰ ਵੀ।"

"ਸੰਗਮ, ਤੂੰ ਸਮਝਦਾ ਹੋਵੇਂਗਾ ਕਿ ਮੈਂ ਆਪਣੇ ਕਸ਼ਟਾਂ ਦੀ ਗੱਲ ਕਰ ਰਿਹਾ ਹਾਂ। ਭਲੇ ਪੁਰਸ਼, ਇਹ ਗੱਲ ਨਹੀਂ ਹੈ। ਮੈਂ ਆਪਣੇ ਕਸ਼ਟਾਂ ਤੋਂ ਨਹੀਂ ਘਬਰਾਉਂਦਾ। ਛੇ ਮਹੀਨੇ ਤਾਂ ਕੀ, ਛੇ ਸਾਲ ਵੀ ਮੈਨੂੰ ਕਸ਼ਟ ਦਿੰਦੇ ਰਹੋ ਤਦ ਵੀ ਮੇਰਾ ਕੁਝ ਨਹੀਂ ਬਿਗੜਦਾ। ਮੈਂ ਤਾਂ ਇਨ੍ਹਾਂ ਕਸ਼ਟਾਂ ਨਾਲ ਜ਼ਿਆਦਾ ਤੋਂ ਜ਼ਿਆਦਾ ਸੰਵਰਦਾ ਹਾਂ, ਵਿਗੜਦਾ ਨਹੀਂ। ਉਹ ਤਾਂ ਹੋਰ ਹੀ ਹੈ।"

"ਉਹ ਕਿਹੜਾ ਹੈ ?"

"ਉਹ ਇਹ ਹੈ ਕਿ ਤੂੰ ਅਗਿਆਨ ਦੀ ਹਾਲਤ ਵਿਚ ਜੋ ਮੈਨੂੰ ਕਸ਼ਟ ਦਿਤੇ ਹਨ। ਉਨ੍ਹਾਂ ਦਾ ਭਵਿੱਖ ਵਿਚ ਕੀ ਫਲ ਹੋਵੇਗਾ। ਜਦ ਮੈਂ ਤੇਰੇ ਉਸ ਹਨੇਰੇ ਭਵਿਖ ਵਲ ਵੇਖਦਾ ਹਾਂ ਤਾਂ ਕੰਬ ਜਾਂਦਾ ਹਾਂ। ਇਕ ਅਗਿਆਨੀ ਜੀਵ ਮੇਰੇ ਕਾਰਣ ਕੁਕਰਮ ਕਰਕੇ ਕਿੰਨਾਂ ਦੁੱਖ ਪਾਵੇਗਾ। ਕਿੰਨੀ ਸਜ਼ਾ ਪਾਇਗਾ। ਆਹ— ... ...! ਕਿੰਨਾਂ ਅਸਹਿ ਦੁੱਖ ਹੈ। ਭਲੇ ਪੁਰਸ਼ ! ਜਿਵੇਂ ਹੋ ਸਕੇ ਤੈਨੂੰ ਸ਼ਾਂਤੀ ਮਿਲੇ।"

ਭਗਵਾਨ ਦੇ ਦਿਲ ਵਿਚ ਦਇਆ ਦਾ ਸਮੁੰਦਰ ਠਾਠਾਂ ਮਾਰਨ ਲੱਗਦਾ ਹੈ। ਅੱਖਾਂ ਵਿਚ ਫ਼ੇਰ ਸਦਭਾਵਨਾ ਦੇ ਹੰਝੂ ਵਹਿਣ ਲਗਦੇ ਹਨ। ਸੰਗਮ ਦਇਆ ਮੂਰਤ ਦੇ ਇਸ ਵਰਤਾਉ ਨੂੰ ਵੇਖਕੇ ਪਾਣੀ ਪਾਣੀ ਹੋ ਜਾਂਦਾ ਹੈ।

ਕਿੰਨਾਂ ਮਹਾਨ ਤੇ ਸੁੱਚਾ ਜੀਵਨ ਸੀ। ਕਿੰਨਾਂ ਆਦਰਸ਼ ਵਿਸ਼ਵ-ਪਰੇਮ ਸੀ। ਭਗਵਾਨ ਦੀ ਅੰਮ੍ਰਿਤ-ਰਸ ਭਰੀ ਦ੍ਰਿਸ਼ਟੀ ਵਿਚ ਸ਼ੱਤਰੂ ਤੇ ਮਿੱਤਰ ਦਾ ਭੇਦ ਭਾਵ ਰਿਹਾ ਹੀ ਨਹੀਂ। ਉੱਥੇ ਮਿੱਤਰ ਵੀ ਮਿੱਤਰ ਸੀ ਅਤੇ ਦੁਸ਼ਮਨ ਵੀ ਮਿੱਤਰ। * * *

□

## ❀ ਅਰਿਹੰਤ ਦੇ ਆਸਨ ਤੇ

ਭਗਵਾਨ ਮਹਾਂਵੀਰ ਸਾਢੇ ਬਾਰਾਂ ਸਾਲ ਤਕ ਇਸੇ ਪ੍ਰਕਾਰ ਸਾਰੇ ਪਾਸੇ ਦਇਆ ਦਾ ਸਮੁੰਦਰ ਵਹਾਉਂਦੇ ਆਤਮ ਸਾਧਨਾ ਕਰਦੇ ਰਹੇ। ਅਕਸਰ ਉਜਾੜ ਜੰਗਲਾਂ ਵਿਚ ਰਹਿਣਾ, ਜੰਗਲੀ ਪਸ਼ੂਆਂ ਦਾ ਗੁੱਸਾ ਤੇ ਕਸ਼ਟ ਸਹਿਣਾ, ਮਨੁੱਖਾਂ ਤੇ ਦੇਵਤਿਆਂ ਦੇ ਅਤਿਆਚਾਰ ਨੂੰ ਹਸਦੇ ਹੋਏ ਸਿਰ ਤੇ ਝੱਲਨਾ, ਛੇ-ਛੇ ਮਹੀਨੇ ਤਕ ਅੰਨ ਦਾ ਇਕ ਜ਼ਰੱਾ ਅਤੇ ਪਾਣੀ ਦੀ ਇਕ ਬੂੰਦ ਤਕ ਮੂੰਹ ਵਿਚ ਨਾ ਪਾਉਣਾ। ਆਹ ! ਕਿੰਨਾਂ ਮਹਾਨ ਤਪੱਸ੍ਵੀ ਜੀਵਨ ਸੀ ਉਨ੍ਹਾਂ ਦਾ।

ਹਾਂ, ਤਾਂ ਭਗਵਾਨ ਕਠੋਰ ਤਪ ਕਰਦੇ ਹੋਏ 'ਜੰਭਿਆ' ਪਿੰਡ ਦੇ ਕੋਲ ਵਗਦੀ ਨਦੀ ਰਿਜੂਬਾਲੁਕਾ ਦੇ ਕੰਢੇ ਤੇ ਪੁੱਜੇ। ਉੱਥੇ ਸਾਲ ਦਾ ਇਕ ਬੜਾ ਸੰਘਣਾ ਦਰਖਤ ਸੀ ਤੇ ਉਸ ਹੇਠ ਧਿਆਨ ਲਾਇਆ ਹੋਇਆ ਸੀ। ਆਤਮ-ਸਾਧਨਾ ਆਪਣੀ ਆਖਰੀ ਹੱਦ ਤੇ ਪਹੁੰਚ ਚੁੱਕੀ ਸੀ। ਆਤਮਾ ਤੇ ਘਨਘਾਤੀ (ਭੈੜੇ) ਕਰਮਾਂ ਦਾ ਪਰਦਾ ਦੂਰ ਹੋਇਆ ਤੇ ਭਗਵਾਨ ਮਹਾਂਵੀਰ ਕੇਵਲ-ਗਿਆਨ (ਬ੍ਰਹਮ-ਗਿਆਨ) ਤੇ ਕੇਵਲ ਦਰਸ਼ਨ ਦੇ ਧਾਰਨ ਕਰਨ ਵਾਲੇ ਬਣੇ। ਜੈਨ-ਪਰਿਭਾਸ਼ਾ ਵਿਚ ਹੁਣ ਆਪ ਅਰਿਹੰਤ ਅਤੇ ਜਿੰਨ ਹੋ ਗਏ ਸਨ।

ਵੈਸ਼ਾਖ ਸ਼ੁਕਲਾ ਦਸਵੀਂ ਦਾ ਇਹ ਕੇਵਲ-ਗਿਆਨ (ਬ੍ਰਹਮ) ਪ੍ਰਾਪਤੀ ਦਾ ਸ਼ੁਭ ਦਿਨ ਜੈਨ ਇਤਿਹਾਸ ਵਿਚ ਹਮੇਸ਼ਾ-ਹਮੇਸ਼ਾ ਲਈ ਅਜਰ-ਅਮਰ ਰਹੇਗਾ। ਅੱਜ ਦੇ ਦਿਨ ਹੀ ਭਗਵਾਨ ਦਾ ਸਭ ਤੋਂ ਪਹਿਲਾ ਉਪਦੇਸ਼ ਭਾਰਤੀ ਜਨਤਾ ਨੂੰ ਪ੍ਰਾਪਤ ਹੋਇਆ।

## ❀ ਸੱਚ ਦੀ ਜੇ

ਮਹਾਂਪੁਰਸ਼ਾਂ ਦੇ ਜੀਵਨ ਦੀ ਵਿਸ਼ੇਸ਼ਤਾ ਇਕ-ਮਾਤਰ ਆਪ ਸੱਚ ਦੀ ਪਾਲਨਾ ਕਰਨਾ ਨਹੀਂ ਹੈ। ਉਨ੍ਹਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਤਾਂ ਪ੍ਰਾਪਤ ਸੱਚ ਨੂੰ ਹਨੇਰ-ਪੂਰਨ ਸੰਸਾਰ ਦੇ ਸਾਹਮਣੇ ਰਖਣਾ ਹੈ। ਸੂਰਜ ਦਾ ਮਹੱਤਵ ਆਪਣੇ ਲਈ ਹਨੇਰ ਦਾ ਨਾਸ਼ ਕਰਨਾ ਹੀ ਨਹੀਂ, ਬਲਕਿ ਸਾਰੇ ਜਗਤ ਨੂੰ ਪ੍ਰਕਾਸ਼ ਦੇਣਾ ਹੈ।

ਭਗਵਾਨ ਮਹਾਂਵੀਰ ਜੀ ਕੇਵਲ-ਗਿਆਨ ਦਾ ਲਾਭ ਲੈ ਚੁੱਕੇ ਸਨ। ਆਪਣੇ ਵਲੋਂ ਪੂਰਨ ਬਣ ਚੁੱਕੇ ਸਨ। ਉਹ ਚਾਹੁੰਦੇ ਤਾਂ ਹੁਣ ਆਰਾਮ ਨਾਲ ਇਕਾਂਤ ਜੀਵਨ ਬਿਤਾ ਸਕਦੇ ਸਨ, ਪਰ ਉਹ ਤਾਂ ਸੱਚੇ ਮਹਾਂਪੁਰਸ਼ ਸਨ। ਉਹ ਉਸ ਸਮੇਂ ਤਕ ਲੋਕਾਂ ਦੇ ਸੰਪਰਕ ਤੋਂ ਦੂਰ ਰਹੇ ਜਦੋਂ ਤਕ ਖੁਦ ਆਤਮ-ਪ੍ਰਕਾਸ਼ ਦੀ ਖੋਜ ਵਿਚ ਲਗੇ ਰਹੇ। ਜਿਉਂ ਹੀ ਆਤਮ ਪ੍ਰਕਾਸ਼ ਪਾਇਆ ਕਿ ਸੰਸਾਰ ਨੂੰ ਪ੍ਰਕਾਸ਼ ਦੇਣ ਵਿਚ ਜੁਟ ਗਏ। ਕੌਣ ਮਹਾਂਪੁਰਸ਼ ਸੰਸਾਰ ਨੂੰ ਵਿਨਾਸ਼ ਦੇ ਟੋਏ ਵਿਚ ਪਿਆ ਵੇਖਕੇ ਚੁਪ ਰਹਿ ਸਕਦਾ ਹੈ ? ਆਰਾਮ ਦੇ ਨਾਲ

ਜ਼ਿੰਦਗੀ ਗੁਜ਼ਾਰਨਾ ਮਹਾਂਪੁਰਸ਼ਾਂ ਦੀ ਪਰਿਭਾਸ਼ਾ ਨਹੀਂ। ਮਹਾਂਪੁਰਸ਼ਾਂ ਦੀ ਪਰਿਭਾਸ਼ਾ ਤਾਂ ਵਿਸ਼ਵ-ਕਲਿਆਨ ਦੇ ਲਈ ਸੰਘਰਸ਼ ! ਸੰਘਰਸ਼ !! ਹਮੇਸ਼ਾ ਕਰਨਾ ਹੀ, ਮੁੱਢ ਤੋਂ ਚਲਿਆ ਆ ਰਿਹਾ ਹੈ।

ਭਗਵਾਨ ਨੇ ਕੇਵਲ-ਗਿਆਨ ਪ੍ਰਾਪਤ ਕਰਦੇ ਹੀ ਉਸ ਸਮੇਂ ਦੇ ਭੈੜੇ ਰਿਵਾਜ਼ਾਂ ਪ੍ਰਤੀ ਬਗਾਵਤ ਦਾ ਝੰਡਾ ਖੜਾ ਕੀਤਾ। ਸੱਚ ਦਾ ਵਾਸਤਵਿਕ ਰੂਪ ਜੋ ਪਾਖੰਡ ਦੇ ਹਨੇਰੇ ਵਿਚ ਧੁੰਧਲਾ ਪੈ ਗਿਆ ਸੀ, ਫੇਰ ਸਾਫ ਕਰਕੇ ਜਨਤਾ ਦੇ ਸਾਹਮਣੇ ਰਖਿਆ। ਜਨਤਾ ਦੇ ਵਿਚਾਰਾਂ ਵਿਚ ਕ੍ਰਾਂਤੀ ਦਾ ਮੰਤਰ ਪੜ੍ਹਿਆ। ਇਸ ਤਰ੍ਹਾਂ ਸੋਇਆ ਹੋਇਆ ਮਨੁੱਖੀ-ਸਮਾਜ (ਸੰਸਾਰ) ਫਿਰ ਤੋਂ ਅੰਗੜਾਈ ਲੈ ਕੇ ਉੱਠ ਖੜੋਤਾ।

ਭਗਵਾਨ ਮਹਾਂਵੀਰ ਜੀ ਦੇ ਮੈਦਾਨ ਵਿਚ ਆਉਂਦੇ ਹੀ ਧਾਰਮਿਕ ਵਰਗ ਵਿਚ ਹਲਚਲ ਮੱਚ ਗਈ। ਚਾਨਣ ਦੇ ਇਛੁਕ ਸੰਸਾਰੀ ਇਸ ਨਵੇਂ ਧਰਮ ਗੁਰੂ ਦੇ ਕੰਮਾਂ ਨੂੰ ਵੇਖਣ ਲਗੇ, ਕਿ ਇਹ ਕੀ, ਇਹ ਕੀ ਕਰਨ ਜਾ ਰਿਹਾ ਹੈ ? ਸੱਚ ਦਾ ਪ੍ਰਚਾਰ ਜਿਉਂ-ਜਿਉਂ ਅਗੇ ਵਧਦਾ ਗਿਆ, ਤਿਉਂ-ਤਿਉਂ ਜੈਨ ਧਰਮ ਦਾ ਉੱਚੇ, ਉੱਚਤਰ ਅਤੇ ਉੱਚਤਮ ਨਾਹਰਾ ਭਾਰਤ ਦੇ ਚਾਹੁ ਪਾਸੀਂ ਗੂੰਜਨ ਲੱਗਾ।

### * ਯੱਗਾਂ ਦਾ ਵਿਰੋਧ

ਭਗਵਾਨ ਨੇ ਸਭ ਤੋਂ ਪਹਿਲੀ ਘਾਤਕ ਚੋਟ ਉਸ ਸਮੇਂ ਦੇ ਹਿੰਸਕ-ਯੱਗਾਂ ਤੇ ਕੀਤੀ। ਹਜ਼ਾਰਾਂ ਬੇਜਾਨ ਪਸ਼ੂਆਂ

ਦਾ ਧਰਮ ਦੇ ਪਵਿਤਰ ਨਾਉਂ ਤੇ ਖ਼ੂਨ ਵਹਿੰਦਾ ਵੇਖਕੇ ਉਨ੍ਹਾਂ ਦੀ ਦਿਆਲੂ ਆਤਮਾ ਕੰਬ ਉੱਠੀ। ਭਗਵਾਨ ਨੇ ਪਸ਼ੂ-ਯੱਗਾਂ ਦਾ ਖ਼ਾਤਮਾ ਕਰਨ ਲਈ ਕਮਰ ਕਸ ਲਈ। ਅਪਣੇ ਧਰਮ ਉਪਦੇਸ਼ਾਂ ਵਿਚ ਖੁਲ੍ਹਮ-ਖੁਲ੍ਹਾ ਯੱਗਾਂ ਦਾ ਖੰਡਨ ਕਰਨ ਲਗੇ। ਆਪਜੀ ਦਾ ਕਹਿਣਾ ਸੀ :—

"ਧਰਮ ਦਾ ਸਬੰਧ ਆਤਮਾ ਦੀ ਪਵਿੱਤਰਤਾ ਨਾਲ ਹੈ। ਬੇਜਾਨ ਪਸ਼ੂਆਂ ਦਾ ਖ਼ੂਨ ਵਹਾਉਣ ਵਿਚ ਧਰਮ ਕਿੱਥੇ? ਇਹ ਤਾਂ ਮੂਲ ਤੋਂ ਹੀ ਭਿਅੰਕਰ ਭੁਲ ਹੈ, ਪਾਪ ਹੈ। ਜਦ ਤੁਸੀਂ ਕਿਸੇ ਮਰਦੇ ਜੀਵ ਨੂੰ ਜੀਵਨ ਨਹੀਂ ਦੇ ਸਕਦੇ ਤਾਂ ਉਸਨੂੰ ਮਾਰਨ ਦਾ ਤੁਹਾਨੂੰ ਕੀ ਅਧਿਕਾਰ ਹੈ? ਪੈਰ ਵਿਚ ਲਗਿਆ ਥੋੜਾ ਜਿਹਾ ਕੰਡਾ ਸਾਨੂੰ ਬੇ-ਚੈਨ ਕਰ ਦਿੰਦਾ ਹੈ ਤਾਂ ਜਿਨ੍ਹਾਂ ਦੇ ਗਲੇ ਤੇ ਛੁਰੀ ਚਲਦੀ ਹੈ ਉਨ੍ਹਾਂ ਨੂੰ ਕਿੰਨਾਂ ਦੁੱਖ ਹੁੰਦਾ ਹੋਵੇਗਾ! ਯੱਗ ਕਰਨਾ ਬੁਰਾ ਨਹੀਂ। ਜ਼ਰੂਰ ਕਰਨਾ ਚਾਹੀਦਾ ਹੈ, ਪਰ ਧਿਆਨ ਰਖੋ ਕਿ ਉਹ ਵਿਸ਼ੇ-ਵਿਕਾਰਾਂ ਦੀ ਬਲੀ ਨਾਲ ਹੋਵੇ, ਪਸ਼ੂਆਂ ਦੀ ਬਲੀ ਨਾਲ ਨਹੀਂ। ਅਹਿੰਸਕ ਯੱਗ ਦੇ ਲਈ ਆਤਮਾ ਨੂੰ ਅਗਨਿ-ਕੁੰਡ ਬਣਾਓ। ਉਸ ਵਿਚ ਮਨ, ਬਚਨ ਤੇ ਕਰਮ ਰਾਹੀਂ ਚੰਗੀਆਂ ਆਦਤਾਂ ਰੂਪੀ ਘੀ ਪਾਓ। ਫੇਰ ਤਪ-ਅਗਨਿ ਦੇ ਰਾਹੀਂ ਭੈੜੇ ਕੰਮਾਂ ਦਾ ਬਾਲਣ ਜਲਾ ਕੇ ਸ਼ਾਂਤੀ ਰੂਪੀ ਯੱਗ ਕਰੋ।"

ਭਗਵਾਨ ਦੇ ਇਸ ਮਿੱਠੇ ਉਪਦੇਸ਼ ਦਾ ਜਨਤਾ ਤੇ ਪ੍ਰਭਾਵਸ਼ਾਲੀ ਅਸਰ ਹੋਇਆ। ਯੱਗ-ਪ੍ਰੇਮੀ ਜਨਤਾ ਦੇ ਖੁਸ਼ਕ

ਦਿਲ ਵਿਚ ਦਇਆ ਦਾ ਝਰਨਾ ਫੁਟ ਪਿਆ।

## ❀ ਯੱਗਾਂ ਦਾ ਖਾਤਮਾਂ ਕਿਵੇਂ ਹੋਇਆ ?

ਮਹਾਂਵੀਰ ਦੇ ਜੀਵਨ ਦੀ ਉਸ ਪਹਿਲੀ ਮਹੱਤਵ ਪੂਰਨ ਘਟਨਾ ਨੇ ਹੀ ਉਸ ਸਮੇਂ ਦੇ ਭਾਰਤੀ ਸਮਾਜ ਦੀ ਵਿਚਾਰਧਾਰਾ ਨੂੰ ਬਦਲ ਦਿਤਾ।

ਮੱਧ ਅਪਾਪਾ ਨਗਰੀ ਵਿਚ ਉਨ੍ਹੀ ਦਿਨੀਂ ਇਕ ਮਹਾਨ ਯਗ ਹੋ ਰਿਹਾ ਸੀ। ਉੱਥੇ ਹਜ਼ਾਰਾਂ ਦੀ ਗਿਣਤੀ ਵਿਚ ਬ੍ਰਾਹਮਣ ਇਕੱਠੇ ਹੋਏ ਸਨ। ਮੰਤਰਾਂ ਦੀ ਮਿੱਠੀ ਧੁਨੀ ਨਾਲ ਅਪਾਪਾ ਨਗਰੀ ਗੂੰਜ ਰਹੀ ਸੀ। ਯੱਗ ਉਸ ਸਮੇਂ ਦੇ ਸ਼੍ਰੀ ਇੰਦਰ ਭੂਤੀ ਆਦਿ ਪ੍ਰਸਿੱਧ ਗਿਆਰਾਂ ਵਿਦਵਾਨਾਂ ਦੀ ਅਗਵਾਈ ਹੇਠ ਹੋ ਰਿਹਾ ਸੀ। ਇਸ ਯੱਗ ਦੀ ਚਹੁੰ ਪਾਸੇ ਚਰਚਾ ਸੀ।

ਭਗਵਾਨ ਮਹਾਂਵੀਰ ਜੀ ਕੇਵਲ-ਗਿਆਨ ਪ੍ਰਾਪਤ ਕਰਕੇ ਸਿੱਧੇ ਅਪਾਪਾ ਪਹੁੰਚੇ। ਉਸ ਮੌਕੇ ਨੂੰ ਉਹ ਕਿਉਂ ਬੇ-ਅਰਥ ਜਾਨ ਦਿੰਦੇ ! ਮਹਾਂਸੇਨ ਬਨ ਵਿਚ ਸਮੋਸਰਨ (ਜਿੱਥੇ ਤੀਰਥੰਕਰ ਬੈਠਦੇ ਹਨ, ਉਸ ਸਥਾਨ ਨੂੰ ਆਖਦੇ ਹਨ ਇਸ ਦੀ ਰਚਨਾ ਦੇਵਤਿਆਂ ਰਾਹੀਂ ਕੀਤੀ ਜਾਂਦੀ ਹੈ) ਅਤੇ ਯੱਗ ਦੇ ਵਿਰੋਧ ਵਿਚ ਬੜਾ ਧੜੱਲੇਦਾਰ ਭਾਸ਼ਣ ਦਿੱਤਾ, ਜਨਤਾ ਟੁਟ ਪਈ। ਯੱਗ ਸਥਾਨ ਖਾਲੀ ਹੋ ਗਿਆ, ਇਦਰ ਭੂਤੀ ਬੜਾ ਘੱਮੰਡੀ ਵਿਦਵਾਨ ਸੀ। ਉਹ ਭਗਵਾਨ

ਨਾਲ ਸ਼ਾਸਤਰਾਂ ਦੇ ਬਾਰੇ 'ਚ ਬਹਿਸ ਕਰਨ ਲਈ ਆਇਆ। ਭਗਵਾਨ ਨੇ ਯੁਕਤੀ ਤੇ ਪੂਰ-ਅਸਰ ਬਚਨਾਂ ਨਾਲ ਇੰਦਰ ਭੂਤੀ ਨੂੰ ਸੱਚ ਦਾ ਭੇਦ ਸਮਝਾਇਆ। ਇੰਦਰ ਭੂਤੀ ਦੀਆਂ ਅੱਖਾਂ ਦੇ ਅੱਗੋਂ ਅੰਧਕਾਰ ਦੂਰ ਹੋ ਗਿਆ। ਉਹ ਉਥੇ ਹੀ ਭਗਵਾਨ ਦੇ ਚਰਨਾਂ ਵਿਚ ਪੰਜ ਸੌ ਚੇਲਿਆਂ ਸਮੇਤ ਸਾਧੂ ਬਨ ਗਿਆ। ਇਹ ਇੰਦਰ ਭੂਤੀ ਸਾਡੇ ਗੌਤਮ ਗੰਣਧਰ (ਧਰਮ-ਨੇਤਾ) ਹਨ, ਜਿਨ੍ਹਾਂ ਨੂੰ ਜੈਨ-ਧਰਮ ਦਾ ਬੱਚਾ–ਬੱਚਾ ਜਾਣਦਾ ਹੈ।

ਸ਼੍ਰੀ ਇੰਦਰ ਭੂਤੀ ਦੇ ਸਾਧੂ ਬਨਣ ਦਾ ਸਮਾਚਾਰ ਜਿਉਂ ਹੀ ਸ਼ਹਿਰ ਵਿਚ ਪੁੱਜਾ, ਤਾਂ ਤਹਿਲਕਾ ਮੱਚ ਗਿਆ। ਵਾਰੀ-ਵਾਰੀ ਨਾਲ ਬਾਕੀ ਦਸ ਵਿਦਵਾਨ ਵੀ ਆਉਂਦੇ ਗਏ, ਸ਼ਾਸਤ੍ਰਾਰਥ ਕਰਦੇ ਗਏ, ਸੱਚ ਦਾ ਅਸਲ ਰੂਪ ਸਮਝਦੇ ਗਏ ਅਤੇ ਆਪਣੇ-ਆਪਣੇ ਚੇਲਿਆਂ ਸਮੇਤ ਭਗਵਾਨ ਦੇ ਚਰਨਾਂ ਵਿਚ ਸਾਧੂ ਬਣਦੇ ਗਏ। ਇਸ ਪ੍ਰਕਾਰ ਇਕ ਦਿਨ ਵਿਚ ਗਿਆਰਾਂ ਵਿਦਵਾਨ ਅਤੇ ਉਨ੍ਹਾਂ ਦੇ ਚਾਰ ਹਜ਼ਾਰ ਚਾਰ ਸੌ ਚੇਲਿਆਂ ਨੂੰ ਭਗਵਾਨ ਨੇ ਜੈਨ-ਧਰਮ ਵਿਚ ਦੀਖਿਆ ਦਿੱਤੀ। ਗਿਆਰਾਂ ਵਿਦਵਾਨ ਗੰਣਧਰ-ਪਦ ਤੇ ਨਿਯੁਕਤ ਹੋਏ ਜਿਸ ਨੂੰ ਉਨ੍ਹਾਂ ਅੰਤ ਤਕ ਬੜੀ ਸਫਲਤਾ ਨਾਲ ਨਿਭਾਇਆ।

### ❀ ਜਾਤ-ਪਾਤ ਦਾ ਖ਼ਾਤਮਾ

ਭਗਵਾਨ ਮਹਾਂਵੀਰ ਨੇ ਆਪਣੇ ਧਰਮ-ਉਪਦੇਸ਼ਾਂ ਵਿਚ

ਜਾਤ-ਪਾਤ ਦੀ ਖੂਬ ਖਬਰ ਲਈ। ਅਖੰਡ-ਮਾਨਵ-ਸਮਾਜ ਨੂੰ ਛਿੰਨ-ਭਿੰਨ ਕਰਨ ਵਾਲੀ ਜਾਤ-ਪਾਤ ਦੀ ਭੈੜੀ ਵਿਵਸਥਾ ਪ੍ਰਤਿ ਆਪ ਸ਼ੁਰੂ ਤੋਂ ਹੀ ਵਿਰੋਧ ਦੀ ਦ੍ਰਿਸ਼ਟੀ ਰਖਦੇ ਸਨ। ਆਪ ਦਾ ਫੁਰਮਾਨ ਸੀ ਕਿ—"ਕੋਈ ਵੀ ਮਨੁੱਖ ਜਨਮ ਤੋਂ ਊਚ-ਨੀਚ ਬਣਕੇ ਨਹੀਂ ਆਉਂਦਾ। ਜਾਤੀ ਭੇਦ ਦਾ ਕੋਈ ਅਜਿਹਾ ਸੁਤੰਤਰ ਚਿੰਨ੍ਹ ਨਹੀਂ ਹੈ ਜੋ ਮਨੁੱਖ ਦੇ ਸ਼ਰੀਰ ਤੇ ਜਨਮ ਤੋਂ ਹੀ ਲਗਿਆ ਹੋਵੇ ਅਤੇ ਉਸ ਤੋਂ ਅੱਡ-ਅੱਡ ਜਾਤਾਂ ਦਾ ਪਤਾ ਲੱਗੇ।"

ਊਚ-ਨੀਚ ਦੀ ਵਿਵਸਥਾ ਦਾ ਅਸਲ ਸਿੱਧਾਂਤ ਮਨੁੱਖ ਦੇ ਆਪਣੇ ਭਲੇ ਬੁਰੇ ਕੰਮਾਂ ਤੇ ਨਿਰਭਰ ਹੁੰਦਾ ਹੈ। ਬੁਰਾ ਆਚਰਣ ਰੱਖਣ ਵਾਲਾ ਉੱਚ ਕੁਲ ਵਿਚ ਵੀ ਨੀਚ ਹੈ। ਅਤੇ ਸਦਾਚਾਰੀ ਸੁਭਾਉ ਵਾਲਾ ਨੀਚ ਕੁਲ ਵਿਚ ਉੱਚਾ ਹੈ। ਕਲਪਨਾ ਦੇ ਆਧਾਰ ਤੇ ਉੱਚੀਆਂ ਜਾਤਾਂ ਦਾ ਕੋਈ ਮੁੱਲ ਨਹੀਂ। ਜੋ ਮੁੱਲ ਹੈ ਉਹ ਸ਼ੁੱਧ ਆਚਾਰ ਅਤੇ ਸ਼ੁੱਧ ਵਿਚਾਰਾਂ ਦਾ ਹੈ। ਮਨੁੱਖ ਆਪਣੇ ਭਾਗ ਦਾ ਬਨਾਉਣ ਵਾਲਾ ਆਪ ਹੈ, ਉਹ ਏਧਰ ਥੱਲੇ ਵਲ ਗਿਰੇ ਨੂੰ ਮਨੁੱਖ ਤੋਂ ਰਾਖਸ਼ ਹੋ ਸਕਦਾ ਹੈ ਅਤੇ ਉੱਧਰ ਉੱਪਰ ਵਲ ਵਧੇ ਤਾਂ ਦੇਵਤਾ, ਮਹਾਂਦੇਵ, ਪ੍ਰਮਾਤਮਾ, ਪ੍ਰਮੇਸ਼ਵਰ ਹੋ ਸਕਦਾ ਹੈ। ਮੁਕਤੀ ਦਾ ਦਰਵਾਜ਼ਾ ਮਨੁੱਖ ਮਾਤਰ ਲਈ ਖੁਲ੍ਹਾ ਹੈ — ਊਚ ਦੇ ਲਈ ਵੀ ਤੇ ਨੀਚ ਦੇ ਲਈ ਵੀ।

"ਕਿਸੇ ਵੀ ਮਨੁੱਖ ਨੂੰ ਜਾਤ-ਪਾਤ ਦੇ ਝੂਠੇ ਭਰਮ ਵਿਚ ਆ ਕੇ ਘਿਰਣਾ ਦੀ ਦ੍ਰਿਸ਼ਟੀ ਨਾਲ ਨਾ ਵੇਖਿਆ ਜਾਵੇ।

ਮਨੁਖ ਕਿਸੇ ਵੀ ਜਾਤ ਦਾ ਹੋਵੇ, ਕਿਸੇ ਦੇਸ਼ ਦਾ ਹੋਵੇ। ਉਹ ਮਨੁੱਖ ਮਾਤਰ ਦਾ ਜਾਤ-ਭਾਈ ਹੈ ਉਸਨੂੰ ਹਰ ਪ੍ਰਕਾਰ ਦਾ ਸੁਖ ਆਰਾਮ ਦੇਣਾ, ਉਸਦਾ ਉਚਿੱਤ ਆਦਰ-ਮਾਨ ਕਰਨਾ, ਹਰ ਮਨੁੱਖ ਦਾ ਮਨੁੱਖਤਾ ਦੇ ਨਾਉਂ ਤੇ ਸਭ ਤੋਂ ਪਹਿਲਾ ਕਰਤੱਵ ਹੈ।"

ਭਗਵਾਨ ਉਪਦੇਸ਼ ਦੇ ਕੇ ਹੀ ਰਹਿ ਗਏ ਹੋਣ, ਇਹ ਗੱਲ ਨਹੀਂ। ਉਹਨਾਂ ਜੋ ਕੁਝ ਕਿਹਾ ਉਸਨੂੰ ਅਮਲ ਵਿਚ ਲਿਆ ਕੇ ਸਮਾਜ ਵਿਚ ਅਦੁਤੀ ਕ੍ਰਾਂਤੀ ਦੀ ਭਾਵਨਾ ਪੈਦਾ ਕੀਤੀ।

ਆਦਰ ਕੁਮਾਰ ਜਿਹੇ ਗੈਰ ਆਰੀਆ ਜਾਤੀ ਦੇ ਯੁਵਕ ਨੂੰ ਵੀ ਉਨ੍ਹਾਂ ਆਪਣੇ ਮੁਨੀ ਸੰਘ ਵਿਚ ਥਾਂ ਦਿਤੀ। ਹਰੀ ਕੇਸ਼ੀ ਜਿਹੇ ਚੰਡਾਲ ਜਾਤ ਦੇ ਗਿਆਨੀਆਂ ਨੂੰ ਉਹੀ ਥਾਂ ਪ੍ਰਦਾਨ ਕੀਤਾ ਜੋ ਕਿ ਉੱਚ ਜਾਤ ਦੇ ਬ੍ਰਾਹਮਣ ਗੌਤਮ ਨੂੰ ਮਿਲਿਆ ਸੀ। ਇੰਨਾਂ ਹੀ ਨਹੀਂ, ਆਪਣੇ ਧਰਮ-ਉਪਦੇਸ਼ਾਂ ਵਿਚ ਹਰੀਜਨ ਸੰਤਾਂ ਦੀ ਪ੍ਰਸ਼ੰਸਾ ਵੀ ਕਰਦੇ ਸਨ। ਪ੍ਰਤੱਖ ਵਿਚ ਜੋ ਕੁਝ ਵੀ ਵਿਸ਼ੇਸ਼ਤਾ ਹੈ ਉਹ ਤਿਆਗ ਵੈਰਾਗ ਆਦਿ ਸਦ-ਗੁਣਾਂ ਦੀ ਹੀ ਹੈ। ਬ੍ਰਾਹਮਣ, ਖਤਰੀ ਆਦਿ ਉਚ ਵਰਨ ਜਾਤਾਂ ਦੀ ਵਿਸ਼ੇਸ਼ਤਾ ਦੇ ਲਈ ਇਥੇ ਕਝ ਥਾਂ ਨਹੀਂ ਹੈ। ਇਨ੍ਹਾਂ ਹੇਠਲੀਆਂ ਸ਼ਰੇਣੀਆਂ ਦੇ ਸੰਤਾਂ ਨੂੰ ਵੇਖੋ, ਅਪਣੇ ਸਦਾਚਾਰ ਦੇ ਬਲ ਤੇ ਕਿੰਨੀ ਉੱਚੀ ਹਾਲਤ ਵਿਚ ਪਹੁੰਚ ਚੁਕੇ ਹਨ। ਅੱਜ ਇਨ੍ਹਾਂ ਦੇ ਚਰਨਾਂ ਵਿਚ ਦੇਵਤੇ ਵੀ ਸਿਰ ਝੁਕਾਂਦੇ ਹਨ।

ਭਗਵਾਨ ਦੀ ਉਪਦੇਸ਼-ਸਭਾ ਵਿਚ ਜਿਸ ਨੂੰ ਜੈਨ ਪਰਿਭਾਸ਼ਾ ਵਿਚ ਸਮੋਸਰਨ ਆਖਦੇ ਹਨ, ਜਾਤ-ਪਾਤ ਸਬੰਧੀ ਊਚ-ਨੀਚ ਲਈ ਕੋਈ ਥਾਂ ਨਹੀਂ ਸੀ। ਕਿਸੇ ਵੀ ਜਾਤੀ ਦਾ ਕੋਈ ਵੀ ਹੋਵੇ, ਆਪਣੀ ਇੱਛਾ ਅਨੁਸਾਰ ਅੱਗੇ-ਪਿੱਛੇ ਕਿਤੇ ਵੀ ਬੈਠ ਸਕਦਾ ਸੀ। ਉਸਨੂੰ ਇੱਧਰ ਉੱਧਰ ਹਟਾ ਦੇਣਾ ਅਤੇ ਦੂਰ-ਦੂਰ ਕਰ ਦੇਣ ਦੀ ਮਨਾਹੀ ਸੀ। ਇਹੋ ਕਾਰਨ ਹੈ ਕਿ ਅਸੀਂ ਭਗਵਾਨ ਦੇ ਸਮੋਸਰਨ ਵਿਚ ਮਹਾਰਾਜਾ ਸ਼੍ਰੇਣੀਕ (ਬਿੰਬਸਾਰ) ਯਾਗੀਕ, ਸੋਮਿਲ ਅਤੇ ਹਰੀ ਕ੍ਰੇਸ਼ ਜਿਹੇ ਚੰਡਾਲ ਆਦਿ ਸਭ ਨੂੰ ਬਿਨਾਂ ਭੇਦ-ਭਾਵ ਦੇ, ਇਕ ਸਕੇ ਭਰਾ ਸਮਾਨ ਇਕ ਜਗ੍ਹਾ ਬੈਠੇ ਵੇਖਦੇ ਹਾਂ। ਪ੍ਰਭੂ ਆਪਦੇ ਵਿਸ਼ਵ ਭਾਈ-ਚਾਰੇ ਦਾ ਕਿੰਨਾਂ ਉੱਚਾ ਆਦਰਸ਼ ਹੈ। ਕਾਸ਼ ! ਅੱਜ ਵੀ ਅਸੀਂ ਇਸ ਨੂੰ ਠੀਕ ਤਰ੍ਹਾਂ ਨਾਲ ਸਮਝ ਸਕੀਏ।

## ❀ ਇਸਤਰੀ ਜੀਵਨ ਦਾ ਸਨਮਾਨ

ਅਭਿਮਾਨੀ ਪੁਰਸ਼ ਵਰਗ ਦੀਆਂ ਠੋਕਰਾਂ ਵਿਚ ਲੰਬੇ ਸਮੇਂ ਅਪਮਾਨਿਤ ਰਹਿਣ ਵਾਲੀ ਨਾਰੀ ਜਾਤੀ ਨੇ ਭਗਵਾਨ ਨੂੰ ਪਾ ਕੇ ਖੜਾ ਹੋਣ ਦੀ ਕੋਸ਼ਿਸ਼ ਕੀਤੀ। ਭਗਵਾਨ ਨੇ ਸਾਮਾਜਿਕ ਤੇ ਧਾਰਮਿਕ ਅਧਿਕਾਰਾਂ ਤੋਂ ਰਹਿਤ ਇਸਤਰੀ ਜਾਤੀ ਨੂੰ ਜਗਾਇਆ ਤੇ ਉਹਨਾਂ ਲਈ ਸੁਤੰਤਰਤਾ ਦਾ ਦਰਵਾਜ਼ਾ ਖੋਲ੍ਹ ਦਿਤਾ।

ਭਗਵਾਨ ਕਿਹਾ ਕਰਦੇ ਸਨ ਕਿ ਧਰਮ ਦਾ ਸਬੰਧ ਆਤਮਾ ਨਾਲ ਹੈ। ਇਸਤਰੀ ਤੇ ਪੁਰਸ਼ ਦੇ ਲਿੰਗ-ਭੇਦ ਦੇ

ਕਾਰਨ ਉਸ ਅਸਲ ਮੁੱਲ ਵਿਚ ਕੋਈ ਫ਼ਰਕ ਨਹੀਂ ਪੈਂਦਾ। ਜਿਸ ਤਰ੍ਹਾਂ ਪੁਰਸ਼-ਧਰਮ ਵਿਚ ਸੁਤੰਤਰ ਹੈ ਉਸ ਪ੍ਰਕਾਰ ਇਸਤਰੀ ਵੀ ਹੈ। ਕਰਮ-ਬੰਧਨਾਂ ਨੂੰ ਕੱਟ ਕੇ ਮੋਖਸ਼ ਪਾਉਣ ਦੇ (ਮੁਕਤੀ) ਦੋਨੋਂ ਸਮਾਨ ਹੱਕਦਾਰ ਹਨ।

ਭਗਵਾਨ ਦੀ ਛਤਰ-ਛਾਇਆ ਹੇਠ ਨਾਰੀ-ਸਮਾਜ ਨੇ ਆਰਾਮ ਨਾਲ ਆਜ਼ਾਦੀ ਦਾ ਸਾਹ ਲਿਆ। ਇਸਤਰੀ ਜਾਤੀ ਦਾ ਇਕ ਆਜ਼ਾਦ ਸਾਧਵੀ ਸੰਘ ਸਥਾਪਿਤ ਹੋਇਆ। ਜਿਸ ਵਿਚ ੩੬੦੦੦ ਸਾਧਵੀਆਂ ਧਰਮ ਦੀ ਉਪਾਸਨਾ ਕਰਦੀਆਂ ਸਨ। ਵਿਸ਼ੇਸ਼ ਵਰਨਣ ਯੋਗ ਗੱਲ ਇਹ ਹੈ ਕਿ ਇਸਦਾ ਸੰਚਾਲਨ ਵੀ ਇਕ ਸਾਧਵੀ ਨੂੰ ਦਿਤਾ ਗਿਆ। ਜਿਸਦਾ ਸ਼ੁਭ ਨਾਉਂ 'ਆਰੀਆ ਚੰਦਨਾ' ਸੀ। ਆਰੀਆ ਚੰਦਨਾ ਦੇ ਗੌਰਵ-ਗਾਨ ਨਾਲ ਅੱਜ ਵੀ ਜੈਨ-ਸਾਹਿੱਤ ਦੀ ਵੀਣਾ ਮਿੱਠੀਆਂ ਤਾਨਾਂ ਅਲਾਪ ਰਹੀ ਹੈ।

ਭਗਵਾਨ ਦੇ ਸਮੋਸਰਨ ਵਿਚ ਇਸਤਰੀਆਂ ਨੇ ਵੀ ਪੁਰਸ਼ਾਂ ਦੇ ਸਮਾਨ ਹੀ ਸੁਤੰਤਰਤਾ ਦੇ ਅਧਿਕਾਰ ਸਨ। ਹਰ ਇਸਤਰੀ ਆ ਸਕਦੀ ਸੀ। ਭਗਵਾਨ ਦੇ ਦਰਸ਼ਨ ਕਰ ਸਕਦੀ ਸੀ। ਸ਼ੰਕਾ-ਸਮਾਧਾਨ ਵਿਚ ਭਾਗ ਲੈ ਸਕਦੀ ਸੀ। ਕੋਈ ਵੀ ਅਜਿਹੀ ਰੁਕਾਵਟ ਨਹੀਂ ਸੀ ਜਿਸ ਨਾਲ ਉਹ ਆਪਣੇ ਮਨ ਵਿਚ ਕੁਝ ਵੀ ਅਪਮਾਨ ਦਾ ਅਨੁਭਵ ਕਰੇ।

ਭਗਵਤੀ-ਸੂਤਰ ਵਿਚ ਜ਼ਿਕਰ ਹੈ, ਕਿ 'ਕੋਸੰਭੀ' ਦੀ, ਰਾਜ ਕੁਮਾਰੀ 'ਜਿਅੰਤੀ' ਭਗਵਾਨ ਤੋਂ ਬੜੇ ਗੰਭੀਰ ਪ੍ਰਸ਼ਨ ਪੁਛਿਆ

ਕਰਦੀ ਸੀ। ਉਹ ਬਹਿਸ ਵੀ ਕਰਦੀ ਸੀ। ਉਸਦੇ ਦਾਰਸ਼ਨਿਕਤਾ ਨਾਲ ਭਰਪੂਰ ਪ੍ਰਸ਼ਨ ਤੇ ਉੱਤਰਾਂ ਦਾ ਪ੍ਰਸੰਗ ਅੱਜ ਵੀ ਭਗਵਤੀ ਵਿਚ ਲਿਖਿਆ ਹੋਇਆ ਹੈ, ਜੋ ਵੱਡੇ-ਵੱਡੇ ਵਿਦਵਾਨਾਂ ਨੂੰ ਸੋਚ ਵਿਚ ਪਾ ਦਿੰਦਾ ਹੈ। ਇਸਤਰੀ-ਜਾਤੀ ਦਾ ਗੌਰਵ ਅਤੇ ਉਸਦੀ ਸੁਤੰਤਰ ਵਿਚਾਰ-ਸ਼ਕਤੀ ਦਾ ਦਰਸ਼ਨ ਅੱਜ ਵੀ ਸਾਨੂੰ ਜੈਨ-ਸਾਹਿੱਤ ਦੇ ਪੰਨੇ ਪਲਟਨ ਤੇ ਮਿਲ ਸਕਦਾ ਹੈ।

## ❀ ਲੋਕ-ਸੇਵਾ ਹੀ ਪ੍ਰਭੂ-ਸੇਵਾ

ਭਗਵਾਨ ਮਹਾਂਵੀਰ ਜੀ ਖੁਸ਼ਕ ਕ੍ਰਿਆ-ਕਾਂਡਾਂ ਦੀ ਥਾਂ ਜੀਵਨ ਉਪਯੋਗੀ ਕੰਮਾਂ ਤੇ ਜ਼ਿਆਦਾ ਜ਼ੋਰ ਦਿੰਦੇ ਸਨ। ਉਹ ਉਸ ਜੀਵਨ ਨੂੰ ਕੋਈ ਮਹੱਤਵ ਨਹੀਂ ਸਨ ਦਿੰਦੇ ਜੋ ਲੋਕ ਸੇਵਾ ਤੋਂ ਦੂਰ ਰਹਿਕੇ ਸਿਰਫ ਭਗਤੀ ਦੇ ਕ੍ਰਿਆ-ਕਾਂਡਾਂ ਵਿਚ ਉਲਝਿਆ ਹੋਵੇ। ਪੁਰਾਣੇ ਆਗਮ-ਸਾਹਿੱਤ ਵਿਚ ਉਨ੍ਹਾਂ ਦੀ ਮਹਾਨ ਸ਼ਖਸੀਅਤ ਦੀ ਜਗ੍ਹਾ-ਜਗ੍ਹਾ ਛਾਪ ਲੱਗੀ ਹੋਈ ਮਾਲੂਮ ਹੁੰਦੀ ਹੈ। ਜ਼ਿਆਦਾ ਵਿਸਥਾਰ ਵਿਚ ਨਾ ਜਾ ਕੇ ਕੇਵਲ ਇਕ ਛੋਟੀ ਜਿਹੀ ਗੱਲਬਾਤ ਲਿਖ ਰਹੇ ਹਾਂ ਜੋ ਗੰਣਧਰ ਗੌਤਮ ਤੇ ਮਹਾਂਵੀਰ ਵਿਚਕਾਰ ਹੋਈ ਸੀ :—

"ਭਗਵਾਨ ਇਕ ਪ੍ਰਸ਼ਨ ਪੁਛਣਾ ਹੈ ?"

"ਜ਼ਰੂਰ।"

"ਭਗਵਾਨ ਦੋ ਆਦਮੀ ਹਨ, ਇਕ ਹਮੇਸ਼ਾ ਆਪਦੀ